ਸਾਰੇ TDSB ਪਰਿਵਾਰੋ,

ਓਨਟੈਰੀਓ ਸਰਕਾਰ ਨੇ ਹਾਲ ਹੀ ਵਿੱਚ ਐਲਾਨ ਕੀਤਾ ਹੈ ਕਿ ਸਕੂਲ ਬੋਰਡ 2021-22 ਸਕੂਲ ਸਾਲ ਲਈ ਇਨ-ਪਰਸਨ ਅਤੇ ਵਰਚੁਅਲ ਲਰਨਿੰਗ ਵਿਕਲਪ ਮੁਹੱਈਆ ਕਰਨਗੇ।

ਇਸ ਨੂੰ ਧਿਆਨ ਵਿਚ ਰੱਖਦਿਆਂ, ਟੋਰੋਂਟੋ ਡਿਸਟ੍ਰਿਕਟ ਸਕੂਲ ਬੋਰਡ (TDSB) ਅਗਸਤ ਦੇ ਮੱਧ ਵਿਚ ਪਰਿਵਾਰਾਂ ਨੂੰ **ਇਨ-ਪਰਸਨ ਜਾਂ ਵਰਚੁਅਲ ਲਰਨਿੰਗ** ਲਈ ਇਕ ਔਨਲਾਈਨ **ਸਿਲੈਕਸ਼ਨ ਫਾਰਮ** ਭਰਨ ਲਈ ਕਹੇਗਾ।

ਉਸ ਸਮੇਂ, ਪਰਿਵਾਰਾਂ ਕੋਲ ਮਹਾਂਮਾਰੀ ਦੀ ਸਥਿਤੀ ਅਤੇ ਸਕੂਲ ਸਟਾਫ ਅਤੇ ਵਿਦਿਆਰਥੀਆਂ ਲਈ ਟੀਕਾਕਰਣ ਬਾਰੇ ਤਾਜ਼ਾ ਜਾਣਕਾਰੀ ਹੋਵੇਗੀ, ਅਤੇ ਉਹ ਸੂਚਿਤ ਫੈਸਲਾ ਲੈਣ ਲਈ ਇੱਕ ਬਿਹਤਰ ਸਥਿਤੀ ਵਿੱਚ ਹੋਣਗੇ।TDSB ਵੀ ਸਕੂਲਾਂ ਵਿਚ ਇਨ-ਪਰਸਨ ਲਰਨਿੰਗ ਲਈ ਸਿਹਤ ਅਤੇ ਸੁਰੱਖਿਆ ਦੇ ਉਪਾਵਾਂ ਬਾਰੇ ਅਤੇ ਲਾਈਵ, ਔਨਲਾਈਨ ਵਰਚੁਅਲ ਲਰਨਿੰਗ ਕਿਵੇਂ ਮੁਹੱਈਆ ਕੀਤੀ ਜਾਏਗੀ ਬਾਰੇ ਵਧੇਰੇ ਜਾਣਕਾਰੀ ਪ੍ਰਦਾਨ ਕਰਨ ਲਈ ਬਿਹਤਰ ਸਥਿਤੀ ਵਿਚ ਹੋਵੇਗਾ।

ਵਰਚੁਅਲ ਸਕੂਲ (ਐਲੀਮੈਂਟਰੀ ਅਤੇ ਸੈਕੰਡਰੀ) ਜੋ ਵਰਤਮਾਨ ਵਿੱਚ ਮੌਜੂਦ ਹਨ, ਦੀ 2021-22 ਸਕੂਲ ਸਾਲ ਲਈ ਪੇਸ਼ਕਸ਼ ਨਹੀਂ ਕੀਤੀ ਜਾਏਗੀ। ਵਰਚੁਅਲ ਲਰਨਿੰਗ ਹੋਮ ਸਕੂਲਾਂ ਦੁਆਰਾ ਮੁਹੱਈਆ ਕੀਤੀ ਜਾਏਗੀ ਅਤੇ ਇਸ ਵਿਚ ਲਾਈਵ, ਔਨਲਾਈਨ ਹਦਾਇਤਾਂ ਸ਼ਾਮਲ ਹੋਣਗੀਆਂ ਜਿਸ ਵਿਚ ਹੋਮ ਸਕੂਲ ਦੇ ਜਾਂ ਸਕੂਲਾਂ ਦੇ ਸਮੂਹਾਂ ਤੋਂ ਅਧਿਆਪਕ, ਸਟਾਫ ਅਤੇ ਵਿਦਿਆਰਥੀ ਸ਼ਾਮਲ ਹੋਣਗੇ।

ਅਸੀਂ ਸਤੰਬਰ 2021 ਵਿਚ ਸਾਰੇ ਵਿਦਿਆਰਥੀਆਂ ਦੀ ਉਨ੍ਹਾਂ ਦੇ ਹੋਮ ਸਕੂਲਾਂ ਨਾਲ ਦੁਬਾਰਾ ਜੋੜਨ ਦੀ ਉਮੀਦ ਕਰਦੇ ਹਾਂ, ਜਿਵੇਂ ਕਿ ਅਸੀਂ ਹੌਲੀ-ਹੌਲੀ ਮਹਾਂਮਾਰੀ ਤੋਂ ਬਾਹਰ ਨਿਕਲਣ ਦੀ ਯੋਜਨਾ ਬਣਾਉਂਦੇ ਹਾਂ। ਅਗਸਤ ਦੇ ਮੱਧ ਤਕ, ਅਸੀਂ TDSB ਸਟਾਫ, ਵਿਦਿਆਰਥੀਆਂ ਅਤੇ ਪਰਿਵਾਰਾਂ ਵਿਚ ਟੀਕਾਕਰਣ ਦੇ ਉੱਚ ਪੱਧਰਾਂ ਦੀ ਉਮੀਦ ਕਰਦੇ ਹਾਂ, ਅਤੇ ਉਮੀਦ ਕਰਦੇ ਹਾਂ ਕਿ ਵਧੇਰੇ ਪਰਿਵਾਰ ਇਨ-ਪਰਸਨ ਲਰਨਿੰਗ ਦੀ ਚੋਣ ਕਰਨਗੇ।

ਇਨ-ਪਰਸਨ ਅਤੇ ਵਰਚੁਅਲ ਲਰਨਿੰਗ ਲਈ ਸਿਲੈਕਸ਼ਨ ਫਾਰਮ ਬਾਰੇ ਵਧੇਰੇ ਜਾਣਕਾਰੀ ਅਗਸਤ ਵਿਚ ਸਿੱਧੇ ਤੌਰ 'ਤੇ ਪਰਿਵਾਰਾਂ ਨੂੰ ਭੇਜੀ ਜਾਏਗੀ। ਸਾਰੀ ਜਾਣਕਾਰੀ ਅਤੇ ਚੋਣ ਫਾਰਮ TDSB ਦੀ ਵੈੱਬਸਾਈਟ 'ਤੇ ਵੀ ਉਪਲਬਧ ਕਰਵਾਏ ਜਾਣਗੇ।

ਤੁਹਾਡੇ  ਨਿਰੰਤਰ ਸਮਰਥਨ ਲਈ ਧੰਨਵਾਦ ਜਿਵੇਂ ਕਿ ਅਸੀਂ ਅੱਗੇ ਦੇ ਸਕੂਲ ਦੇ ਸਾਲ ਦੀ ਯੋਜਨਾ ਬਣਾਉਣ ਲਈ ਮਿਲ ਕੇ ਕੰਮ ਕਰਦੇ ਹਾਂ!